**Media Release**

ਤੁਰੰਤ ਰਿਲੀਜ ਲਈ

## ਸੰਪੂਰਨ ਭਾਈਚਾਰੇ ਬਣ ਰਹੇ ਹਨ। ਸਿਟੀ ਦੀ ਜ਼ਮੀਨ ਦਾ ਰੂਪਾਂਤਰ ਹੋ ਰਿਹਾ ਹੈ।

### *ਕੈਨੇਡੀ ਰੋਡ ਸਾਊਥ, ਹਾਈਵੇਜ 410 ਅਤੇ 407 ਦੀ ਭਵਿੱਖੀ ਥਾਂ ਬਾਰੇ ਆਪਣੀ ਰਾਏ ਦਿਓ*

ਬ੍ਰੈਂਪਟਨ, ਓਨਟੈਰੀਓ (2 ਫਰਵਰੀ, 2023) – ਅੱਜ ਤੋਂ ਸ਼ੁਰੂਆਤ ਕਰਦੇ ਹੋਏ, ਸਿਟੀ ਆਫ ਬ੍ਰੈਂਪਟਨ, ਕੈਨੇਡੀ ਰੋਡ ਸਾਊਥ, ਹਾਈਵੇਜ 410 ਅਤੇ 407 (Kennedy Rd. S, Highways 410 & 407) ਵਿਖੇ ਸਥਿਤ ਸਿਟੀ ਲੈਂਡਸ (City Lands) ਦੇ ਭਵਿੱਖ ਬਾਰੇ, ਵਸਨੀਕਾਂ, ਕਾਰੋਬਾਰੀਆਂ ਅਤੇ ਲੋਕਲ ਸਟੇਕਹੋਲਡਰਾਂ ਦਾ ਫੀਡਬੈਕ ਲੈਣ ਲਈ ਕਮਿਉਨਿਟੀ ਦੀ ਸ਼ਮੂਲੀਅਤ ਸ਼ੁਰੂ ਕਰ ਰਹੀ ਹੈ।

ਸਿਟੀ ਦੇ 2040 ਵਿਜਨ (2040 Vision) ਵਿੱਚ, 'ਅਪਟਾਊਨ ਬ੍ਰੈਂਪਟਨ' ('Uptown Brampton') ਦੇ ਈਸਟ ਐਂਕਰ ਵਜੋਂ ਪਛਾਣੀ ਗਈ ਅਤੇ ਸਿਟੀ ਦੀ ਮਾਲਕੀ ਵਾਲੀ ਇਸ 45.3-ਹੈਕਟੇਅਰ (112 ਏਕੜ) ਥਾਂ ਵਿੱਚ, ਇਸ ਖੇਤਰ ਨੂੰ ਰੀਜਨਲ ਟਿਕਾਣੇ ਵਜੋਂ ਅੱਗੇ ਵਧਾਉਣ ਦੀ ਪਰਿਵਰਤਨਕਾਰੀ ਸਮਰੱਥਾ ਹੈ।

2019 ਦੇ ਤਕਨੀਕੀ ਵਿਸ਼ਲੇਸ਼ਣ ਵਿੱਚ ਰਣਨੀਤਿਕ ਮੌਕੇ ਦੀ ਪਛਾਣ ਕੀਤੀ ਗਈ, ਜਿਸ ਵਿੱਚ ਇਸ ਵਿਸ਼ਾਲ, ਵਿਕਾਸਯੋਗ ਸੀਮਾ (ਪਹਿਲਾਂ ਇਸਨੂੰ "ਸੀ.ਏ.ਏ. ਲੈਂਡਸ" ("CAA Lands") ਕਿਹਾ ਜਾਂਦਾ ਸੀ) ਨੂੰ, ਵੱਧ ਅਬਾਦੀ ਵਾਲੀ ਰਿਹਾਇਸ਼, ਕਾਰੋਬਾਰ, ਘੁੰਮਣ ਦੀ ਜਗ੍ਹਾ ਅਤੇ ਟੂਰਿਜਮ ਲਈ ਵੱਡੇ ਟ੍ਰਾਂਜ਼ਿਟ-ਅਨੁਕੂਲਿਤ ਮੌਕਿਆਂ ਦੇ ਨਾਲ, ਸਪੋਰਟਸ ਕੰਪਲੈਕਸ ਤੋਂ, ਇੱਕ ਨਵੇਂ ਸ਼ਹਿਰੀ ਕੇਂਦਰ ਵਿੱਚ ਬਦਲਣਾ ਸ਼ਾਮਲ ਸੀ।

ਇਸ ਵੇਲੇ, ਇਹ ਖੇਤਰ, ਸੀ.ਏ.ਏ. (CAA) ਸਪੋਰਟਸ ਅਤੇ ਮਨੋਰੰਜਨ ਫੈਸਿਲਿਟੀ (ਪਹਿਲਾਂ ਇਸਨੂੰ ਪਾਵਰੇਡ ਸੈਂਟਰ (Powerade Centre) ਕਿਹਾ ਜਾਂਦਾ ਸੀ।) ਦੀ ਥਾਂ ਹੈ। ਜ਼ਮੀਨਾਂ ਦਾ ਪੁਨਰ ਵਿਕਾਸ, "ਕੰਪਲੀਟ ਕਮਿਉਨਿਟੀਜ" ਬਣਾਉਣ ਲਈ ਪ੍ਰੋਜੈਕਟਾਂ ਨੂੰ ਅੱਗੇ ਵਧਾਉਣ ਦੇ ਸਿਟੀ ਦੇ ਦ੍ਰਿਸ਼ਟੀਕੋਣ ਦੇ ਮੁਤਾਬਕ ਹੈ।

ਸਿਟੀ, ਇਛੁੱਕ ਧਿਰਾਂ ਲਈ ਐਕਸਪ੍ਰੈਸ਼ਨ ਆਫ ਇੰਟਰਸਟ (ਈ.ਓ.ਆਈ.) (Expression of Interest) (EOI) ਦੀ ਸ਼ੁਰੂਆਤ ਕਰ ਰਹੀ ਹੈ, ਜਿਸਦੇ ਹੇਠ ਜ਼ਮੀਨਾਂ ਨੂੰ ਸ਼ਾਨਦਾਰ ਸ਼ਹਿਰੀ ਖੇਤਰ ਅਤੇ ਤੁਰਨਯੋਗ ਨੇਬਰਹੁੱਡ ਵਿੱਚ ਵਿਕਸਿਤ ਕਰਨ ਲਈ ਵਿਆਪਕ ਯੋਜਨਾਵਾਂ ਪੇਸ਼ ਕਰਨਾ ਹੈ, ਜਿਸ ਵਿੱਚ ਬਿਲਕੁੱਲ ਆਧੁਨਿਕ, ਮਲਟੀ-ਪਰਪਜ ਕ੍ਰਿਕੇਟ ਫੈਸਿਲਿਟੀ ਸ਼ਾਮਲ ਹੈ।

**ਐਕਸਪ੍ਰੈਸ਼ਨ ਆਫ ਇੰਟਰਸਟ ਦੀ ਸਮਾਂ ਸੀਮਾ**

- ਤਿਮਾਹੀ1 (Q1) 2023 – ਪਬਲਿਕ ਐਕਸਪ੍ਰੈਸ਼ਨ ਆਫ ਇੰਟਰਸਟ (Publish Expression Of Interest)
- ਤਿਮਾਹੀ2 (Q2) 2023 – ਐਕਸਪ੍ਰੈਸ਼ਨ ਆਫ ਇੰਟਰਸਟ ਦਾ ਵਿਸ਼ਲੇਸ਼ਣ ਕਰਨਾ (Evaluate Expression of Interest)
- ਤਿਮਾਹੀ3 (Q3) 2023 – ਕਾਉਂਸਿਲ ਨੂੰ ਰਿਪੋਰਟ ਕਰਨਾ (Report back to Council)

**ਸ਼ਮੂਲੀਅਤ**

ਕੰਪਲੀਟ ਕਮਿਉਨਿਟੀਜ, ਵਸਨੀਕਾਂ, ਕਾਰੋਬਾਰੀਆਂ ਅਤੇ ਲੋਕਲ ਗਰੁੱਪਾਂ ਤੇ ਵਿਚਾਰ ਕਰਦੀਆਂ ਹਨ, ਜਿਹਨਾਂ ਲਈ ਇਹ ਕੰਮ ਕਰਦੀਆਂ ਹਨ।

ਬ੍ਰੈਂਪਟਨ ਦੇ ਵਸਨੀਕ, ਖੇਤਰ ਲਈ ਯੋਜਨਾਵਾਂ ਵਿੱਚ ਕੀ ਸ਼ਾਮਲ ਕੀਤਾ ਦੇਖਣਾ ਚਾਹੁੰਦੇ ਹਨ? ਸਾਡਾ ਫੈਸਲਾ ਲੈਣ ਵਿੱਚ ਤੁਹਾਡੀ ਰਾਏ ਮਹੱਤਵਪੂਰਨ ਹੈ। ਸਰਵੇਖਣ, 28 ਫਰਵਰੀ, 2023 ਤੱਕ ਜਨਤਾ ਦੇ ਫੀਡਬੈਕ ਲਈ ਖੁੱਲਾ ਹੈ। ਔਨਲਾਈਨ ਆਪਣੇ ਵਿਚਾਰ ਪੇਸ਼ ਕਰੋ ਅਤੇ ਆਪਣੀ ਰਾਏ ਦਿਓ (Submit your ideas online and have your say)।

**ਹਵਾਲੇ**

"ਸਿਟੀ ਦੀ ਮਾਲਕੀ ਵਾਲੀ ਇਸ ਥਾਂ ਨੂੰ ਵਿਕਸਿਤ ਕਰਨ ਦੀ ਸੰਭਾਵਨਾ, ਬਹੁਤ ਹੀ ਰੋਮਾਂਚਕ ਹੈ ਅਤੇ ਮੈਂ ਬ੍ਰੈਂਪਟਨ ਦੇ ਸਾਰੇ ਵਸਨੀਕਾਂ ਨੂੰ ਸਲਾਹ ਦਿੰਦਾ ਹਾਂ ਕਿ ਇਸ ਬੇਜੋੜ ਪ੍ਰੋਜੈਕਟ ਬਾਰੇ ਜਾਣਕਾਰੀ ਪ੍ਰਾਪਤ ਕਰੋ ਅਤੇ ਇਸ ਬਾਰੇ ਰਾਏ ਦਿਓ ਕਿ ਅਸੀਂ ਕਿਵੇਂ ਅੱਗੇ ਵਧੀਏ। ਇਹ ਵਰਚੁਅਲ ਤੌਰ ਤੇ ਕੰਮ ਕਰਨ ਲਈ ਖਾਲੀ ਸਲੇਟ ਹੈ ਅਤੇ ਸੰਭਾਵਨਾਵਾਂ ਬੇਅੰਤ ਹਨ। ਸਾਡੇ ਕੋਲ ਕੁਝ ਬਹੁਤ ਹੀ ਖਾਸ ਕਰਨ ਅਤੇ ਸਰਬੋਤਮ ਮਲਟੀਪਰਪਜ ਕ੍ਰਿਕੇਟ ਫੈਸਿਲਿਟੀ ਵਾਲਾ ਵਿਰਾਸਤੀ ਪ੍ਰੋਜੈਕਟ ਤਿਆਰ ਕਰਨ ਦਾ ਮੌਕਾ ਹੈ ਕਿਉਂਕਿ ਇਹ ਸੈਂਟਰਪੀਸ, ਆਉਣ ਵਾਲੇ ਦਹਾਕਿਆਂ ਲਈ ਪੂਰੀ ਤਰ੍ਹਾਂ ਚਮਕਣ ਦੇ ਬ੍ਰੈਂਪਟਨ ਦੇ ਉਤਸ਼ਾਹ ਲਈ ਸ਼ਾਨਦਾਰ ਮੌਕਾ ਹੈ।"

- *ਪੈਟਰਿਕ ਬ੍ਰਾਊਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ*

"ਸਾਡੀ ਕਮਿਊਨਿਟੀ ਨੂੰ ਇਸ ਪਰਿਵਰਤਨਕਾਰੀ ਮੌਕੇ ਵਿੱਚ ਹਿੱਸਾ ਲੈਣ ਦੀ ਸ਼ਕਤੀ ਦੇਣਾ, ਸਿਟੀ ਲੈਂਡਸ ਪ੍ਰੋਜੈਕਟ ਲਈ ਸਾਡੀਆਂ ਮੁੱਖ ਪ੍ਰਾਥਮਿਕਤਾਵਾਂ ਵਿੱਚੋਂ ਇੱਕ ਹੈ। ਵਸਨੀਕਾਂ, ਕਾਰੋਬਾਰੀਆਂ ਅਤੇ ਲੋਕਲ ਸਟੇਕਹੋਲਡਰਾਂ ਨੂੰ ਜੋੜ ਕੇ, ਅਸੀਂ ਅਜਿਹੀਆਂ ਕੰਪਲੀਟ ਕਮਿਊਨਿਟੀਜ ਬਣਾ ਸਕਦੇ ਹਾਂ, ਜੋ ਸਥਿਰ, ਜਿਓਣਯੋਗ ਹੋਣ ਅਤੇ ਉਹਨਾਂ ਲੋਕਾਂ ਦੀਆਂ ਸਹੀ ਲੋੜਾਂ ਤੇ ਵਿਚਾਰ ਕਰਦੀਆਂ ਹੋਣ, ਜਿਹਨਾਂ ਲਈ ਉਹ ਕੰਮ ਕਰਦੀਆਂ ਹਨ।"

- *ਮਾਈਕਲ ਪਲੇਸ਼ੀ (Michael Palleschi), ਰੀਜਨਲ ਕਾਉਂਸਲਰ, ਵਾਰਡਸ 2 ਅਤੇ 6; ਚੇਅਰ, ਪਲਾਨਿੰਗ ਐਂਡ ਡਿਵੈਲਪਮੈਂਟ, ਸਿਟੀ ਆਫ ਬ੍ਰੈਂਪਟਨ*

"ਅਸੀਂ, ਬ੍ਰੈਂਪਟਨ ਵਿੱਚ ਇਸ ਸ਼ਾਨਦਾਰ ਰੋਮਾਂਚਕ ਮੌਕੇ ਲਈ ਹਰੇਕ ਦਿਸ਼ਾ ਵਿੱਚ ਸੁਝਾਵਾਂ ਅਤੇ ਇੱਛੁੱਕ ਲੋਕਾਂ ਦੀ ਭਾਲ ਕਰ ਰਹੇ ਹਾਂ। ਜਦੋਂ ਅਸੀਂ ਸਰਕਾਰ, ਪ੍ਰਾਈਵੇਟ ਸੈਕਟਰ, ਗੈਰ-ਲਾਭ ਸੰਗਠਨਾਂ ਅਤੇ ਅਕਾਦਮਿਕਾਂ ਦੇ ਵਿਚਕਾਰ ਭਾਈਵਾਲੀ ਦੇਖਦੇ ਹਾਂ – ਤਾਂ ਅਸੀਂ ਸਹਿਯੋਗ ਅਤੇ ਪ੍ਰੇਰਨਾਦਾਇਕ ਇਨੋਵੇਸ਼ਨ ਦੇਖਦੇ ਹਾਂ, ਜੋ ਸਾਡੇ ਸ਼ਹਿਰ ਲਈ ਬੇਹੱਦ ਸ਼ਾਨਦਾਰ ਮੁੱਲ ਪ੍ਰਦਾਨ ਕਰਦਾ ਹੈ। ਮੈਂ, ਸਾਡੀ ਕਮਿਊਨਿਟੀ ਦੇ ਦ੍ਰਿਸ਼ਟੀਕੋਣ ਬਾਰੇ ਹੋਰ ਜਾਣਨ ਲਈ ਉਤਸ਼ਾਹਿਤ ਹਾਂ ਅਤੇ ਹਰ ਕਿਸੇ ਨੂੰ ਸਲਾਹ ਦਿੰਦਾ ਹਾਂ ਕਿ ਗੱਲਬਾਤ ਵਿੱਚ ਹਿੱਸਾ ਲਵੋ ਅਤੇ ਆਪਣੀ ਰਾਏ ਦਿਓ।"

- *ਹਰਕੀਰਤ ਸਿੰਘ (Harkirat Singh), ਡਿਪਟੀ ਮੇਅਰ ਅਤੇ ਸਿਟੀ ਕਾਉਂਸਲਰ, ਵਾਰਡਸ 9 ਅਤੇ 10; ਵਾਈਸ-ਚੇਅਰ, ਪਲਾਨਿੰਗ ਐਂਡ ਡਿਵੈਲਪਮੈਂਟ, ਸਿਟੀ ਆਫ ਬ੍ਰੈਂਪਟਨ*

"ਬ੍ਰੈਂਪਟਨ ਦੇ ਤੀਬਰ ਵਾਧੇ ਅਤੇ ਬੇਅੰਤ ਮੌਕੇ ਦੇ ਨਾਲ, ਸਿਟੀ ਇਹ ਯਕੀਨੀ ਬਣਾ ਕੇ ਇਸ ਗਤੀ ਨੂੰ ਲਗਾਤਾਰ ਕਾਇਮ ਰੱਖ ਰਹੀ ਹੈ ਕਿ ਸਿਟੀ ਲੈਂਡਸ ਪ੍ਰੋਜੈਕਟ ਵਰਗੇ ਪਰਿਵਰਤਨਕਾਰੀ ਮੌਕੇ, ਸਾਡੀ ਕਮਿਊਨਿਟੀ ਦੀਆਂ ਲੋੜਾਂ, ਇੱਛਾਵਾਂ ਅਤੇ ਉਤਸ਼ਾਹ ਤੇ ਧਿਆਨ ਦਿੰਦੇ ਹਨ। ਇਹ ਯਕੀਨੀ ਬਣਾਉਣ ਲਈ ਪੂਰੀ ਪ੍ਰਕਿਰਿਆ ਦੇ ਦੌਰਾਨ, ਵਸਨੀਕਾਂ, ਕਾਰੋਬਾਰੀਆਂ, ਬਿਲਡਰਾਂ ਅਤੇ ਲੋਕਲ ਸੰਗਠਨਾਂ ਦੇ ਨਾਲ ਜੁੜਨ ਤੇ ਸਾਡਾ ਪੂਰਾ ਧਿਆਨ ਕੇਂਦਰਿਤ ਹੈ ਕਿ ਅਸੀਂ ਸਥਿਰਤਾ ਨਾਲ ਵਿਕਾਸ ਕਰ ਰਹੇ ਹਾਂ, ਟੈਕਸਪੇਅਰ ਲਈ ਮੁੱਲ ਨੂੰ ਯਕੀਨੀ ਬਣਾ ਰਹੇ ਹਾਂ ਅਤੇ ਬ੍ਰੈਂਪਟਨ ਵਿੱਚ ਵਧੀਆ ਕਿਸਮ ਦੀ ਜ਼ਿੰਦਗੀ ਵਿੱਚ ਵਾਧਾ ਕਰ ਰਹੇ ਹਾਂ।"

- *ਮਾਰਲੋਨ ਕੈਲੀਡੀਨ (Marlon Kallideen), ਚੀਫ ਐਡਮਿਨਿਸਟ੍ਰੇਟਿਵ ਅਫਸਰ, ਸਿਟੀ ਆਫ ਬ੍ਰੈਂਪਟਨ*



The Corporation of The City of Brampton
2 Wellington Street West, Brampton, ON L6Y 4R2 311 TTY: 905.874.2130

BRAMPTON

Media Release

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 700,000 ਲੋਕਾਂ ਅਤੇ 75,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**

ਸਿਟੀ ਆਫ ਬ੍ਰੈਂਪਟਨ ਮਲਟੀਕਲਚਰਲ ਮੀਡੀਆ

multiculturalmedia@brampton.ca